**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ।**

(ਅਮਲਾ-2 ਸ਼ਾਖਾ) **ਕੇਵਲ ਨੋਟਿਸ ਬੋਰਡ ਰਾਂਹੀ**

ਵੱਲ.

ਪੰਜਾਬ ਰਾਜ ਦੇ ਸਮੂਹ,

ਜ਼ਿਲਾ ਸਿਖਿਆ ਅਫਸਰ (ਸੈ:ਸਿ:)

**ਅਤੀ ਜ਼ਰੂਰੀ / ਅੱਜ ਹੀ / ਸਮਾਂ ਬੱਧ**

ਮੀਮੋ ਨੰ: 15/641-17 ਅਮਲਾ-2(5)

ਮਿਤੀ, ਐਸ.ਏ.ਐਸ.ਨਗਰ: 7-9-2017

ਵਿਸ਼ਾ: 6060 ਦੀ ਭਰਤੀ ਦੇ ਉਮੀਦਵਾਰਾਂ ਦੇ ਮੈਡੀਕਲ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਸਕੱਤਰ, ਸਕੂਲ ਸਿਖਿਆ ਵਿਭਾਗ, ਪੰਜਾਬ ਜੀ ਵਲੋਂ ਜਾਰੀ ਪੱਤਰ ਨੰ: 15/641-17 ਅਮਲਾ-2 (5) ਮਿਤੀ 7-9-2017 ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲੇ ਨਾਲ ਸਬੰਧਤ ਜ਼ਿਲਾ ਸਿਵਲ ਸਰਜਨ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਜੀ ਦੇ ਦਫਤਰ ਵਿਖੇ ਇਸ ਪੱਤਰ ਦੀ ਕਾਪੀ ਅਤੇ ਉਸ ਜ਼ਿਲੇ ਨਾਲ ਸਬੰਧਤ ਉਮੀਦਵਾਰਾਂ ਦੀ ਸੂਚੀ , ਪੁੱਜਦੀ ਕਰਕੇ, ਰਿਪੋਰਟ ਇਸ ਦਫਤਰ ਨੂੰ ਈ-ਮੇਲ ਤੇ adsadpi@gmail.com ਤੇ ਅੱਜ ਮਿਤੀ 7-9-2017 ( ਸ਼ਾਮ 2.30 ਵਜੇ ਤੱਕ ) ਪੁੱਜਦੀ ਕੀਤੀ ਜਾਵੇ ਤਾਂ ਜੋ ਮਿੱਥੇ ਸਮੇਂ ਅੰਦਰ ਕਾਰਵਾਈ ਮੁਕੰਮਲ ਹੋ ਸਕੇ।

ਨੱਥੀ: ਪੱਤਰ ਦੀ ਕਾਪੀ।

(ਲਲਿਤ ਕਿਸ਼ੋਰ ਘਈ)

ਸਹਾਇਕ ਡਾਇਰੈਕਟਰ (ਸ:ਪ੍ਰ:2)

Scanned by CamScanner

ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ।

(ਅਮਲਾ-2 ਸ਼ਾਖਾ)

ਵੱਲ:

ਪੰਜਾਬ ਰਾਜ ਦੇ ਸਮੂਹ,

ਜ਼ਿਲਾ ਸਿਵਲ ਸਰਜਨ

ਮੀਮੋ ਨੰ: 15/641-17 ਅਮਲਾ-2 (5)

ਮਿਤੀ, ਐਸ.ਏ.ਐਸ.ਨਗਰ: 7-9-2017

ਵਿਸ਼ਾ: 6060 ਦੀ ਭਰਤੀ ਦੇ ਉਮੀਦਵਾਰਾਂ ਦੇ ਮੈਡੀਕਲ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ , ਦੱਸਿਆ ਜਾਂਦਾ ਹੈ ਕਿ 6060 ਦੀ ਭਰਤੀ ਅਧੀਨ, ਵਿਦਿਆਰਥੀਆਂ ਦੀ ਪੜ੍ਹਾਈ ਦੇ ਮੱਦੇਨਜ਼ਰ, ਯੋਗ ਪਾਏ ਗਏ ਉਮੀਦਵਾਰਾਂ ਨੂੰ ਮਿਤੀ 5-9-2017 ਨੂੰ ਨਿਯੁਕਤੀ ਦੀ ਪੇਸ਼ਕਸ਼ (Offer of Appointment) ਦੇ ਪੱਤਰ ਵੰਡੇ ਗਏ ਸਨ, ਇਨ੍ਹਾਂ ਪੱਤਰਾਂ ਵਿਚ ਉਮੀਦਵਾਰ ਨੂੰ 7 ਕੰਮਕਾਜ਼ੀ ਦਿਨਾਂ ਵਿਚ ਮੈਡੀਕਲ ਕਰਵਾਕੇ, ਰਿਪੋਰਟ ਦਫਤਰ ਡੀ.ਪੀ.ਆਈ. (ਸੈ:ਸਿ:) ਪੰਜਾਬ ਨੂੰ ਕਰਨ ਦੀ ਹਦਾਇਤ ਕੀਤੀ ਗਈ ਸੀ ਅਤੇ ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਯੋਗ ਉਮੀਦਵਾਰਾਂ ਨੂੰ ਮਿਤੀ 11-9-2017 (ਦਿਨ ਸੋਮਵਾਰ) ਨੂੰ ਨਿਯੁਕਤੀ ਸਥਾਨਾਂ ਦੀ ਅਲਾਟਮੈਂਟ ਕੀਤੀ ਜਾਣੀ ਹੈ।

ਵਿਸ਼ੇਸ਼ ਕੈਂਪਾਂ ਰਾਂਹੀ ਇਨ੍ਹਾਂ ਉਮੀਦਵਾਰਾਂ ਦੇ ਪਹਿਲ ਦੇ ਅਧਾਰ ਤੇ ਮੈਡੀਕਲ ਕਰਨ ਉਪਰੰਤ, ਸਬੰਧਤ ਉਮੀਦਵਾਰ ਨੂੰ ਮੈਡੀਕਲ ਰਿਪੋਰਟ ਦਸਤੀ ਦੇ ਦਿੱਤੀ ਜਾਵੇ ਤਾਂ ਜੋ ਕਿ ਇਹਨ੍ਹਾਂ ਉਮੀਦਵਾਰਾਂ ਨੂੰ ਮਿਤੀ 11-9-17 ਨੂੰ ਨਿਯੁਕਤੀ ਸਥਾਨਾਂ ਦੀ ਵੰਡ ਕੀਤੀ ਜਾ ਸਕੇ ।

(ਕ੍ਰਿਸ਼ਨ ਕੁਮਾਰ) ਆਈ.ਏ.ਐਸ.

ਸਕੱਤਰ, ਸਕੂਲ ਸਿਖਿਆ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 15/641-17 ਅਮਲਾ-2 (5) ਮਿਤੀ, ਐਸ.ਏ.ਐਸ.ਨਗਰ: 7-9-2017

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

2) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

3) ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।

(ਕ੍ਰਿਸ਼ਨ ਕੁਮਾਰ) ਆਈ.ਏ.ਐਸ.

ਸਕੱਤਰ, ਸਕੂਲ ਸਿਖਿਆ ਵਿਭਾਗ, ਪੰਜਾਬ।

Scanned by CamScanner